# ਮਾਂਬਾਪ ਲਈ ਸੂਚਨਾ

ਪਿਆਰੇ ਮਾਂਬਾਪ/ਗਾਰਡੀਅਨ:
ਆਪ ਜੀ ਨੂੰ ਦੱਸਦਿਆਂ ਸਾਨੂੰ ਖ਼ੁਸ਼ੀ ਹੁੰਦੀ ਹੈ ਕਿ ਆਪ ਜੀ ਦੇ ਬੱਚੇ ਨੂੰ ਦੋ ਭਾਸ਼ਾਈ ਸਿੱਖਿਅਕ ਪਾਸੋਂ ਜਿੰਨੀ ਛੇਤੀਂ ਹੋ ਸਕੇ ਅੰਗਰੇਜ਼ੀ ਭਾਸ਼ਾ ਦੀਆਂ ਯੋਗਤਾਵਾਂ ਵਧਾਉਣ ਲਈ ਵਾਧੂ ਸਹਾਇਤਾ ਦੇਣ ਵਾਸਤੇ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ ਹਨ. ਕਿਉਂਕਿ ਆਪ ਜੀ ਦੇ ਘਰ ਵਿੱਚ ਅੰਗ੍ਰੇਜ਼ੀ ਤੋਂ ਇਲਾਵਾ ਹੋਰ ਭਾਸ਼ਾ ਵੀ ਬੋਲੀ ਜਾਂਦੀ ਹੈ ਅਤੇ ਪ੍ਰਾਂਤ ਦੀ ਸਕ੍ਰੀਨਿੰਗ ਅਸੈਸਮੈਂਟ ਤੇ ਅਧਾਰਿਤ ਆਪ ਜੀ ਦਾ ਬੱਚਾ ਵੱਧ ਮਦਦ ਦਾ ਹੱਕਦਾਰ ਹੈ.
ਬਚਿੱਆਂ ਲਈ ਅੰਗਰੇਜ਼ੀ ਸਿੱਖਣ, ਜਮਾਤ ਦਾ ਦਰਜਾ ਅਗਾਂਹ ਵਧਾਉਣ ਅਤੇ ਗ੍ਰੈਜੁਏਸ਼ਨ ਲਈ ਆਯੂ ਦੇ ਮੁਤਾਬਿਕ ਅਕਾਦਮਿਕ ਪ੍ਰਾਪਤੀ ਸਤਰ ਇਸ ਪ੍ਰੋਗਰਾਮ ਦਾ ਉਦੇਸ਼ ਹੈ. ਵਿਦਿਆਰਥੀ ਅੰਗਰੇਜ਼ੀ ਵਿੱਚ ਪੜ੍ਹਨ, ਲਿਖ਼ਣ, ਬੋਲਣ ਅਤੇ ਸੁਨਣ ਵਿੱਚ ਅਗਾਊਂ ਉਨੱਤ ਕੁਸ਼ਲਤਾ ਦੇ ਪੱਧਰ ਤੇ ਕੰਮ ਕਰਨਗੇ. ਦੋਭਾਸ਼ਾਈ ਸੇਵਾਵਾਂ ਤੋਂ ਨਿਕਾਸ ਕਰਨ ਲਈ ਆਪ ਦਾ ਬੱਚਾ ਪ੍ਰਾਂਤ ਦੇ ਇਮਤਿਹਾਨ,
ਵ੍ਰਲਡ-ਕਲਾਸ ਇੰਸਟ੍ਰਕਸ਼ਨਲ ਡਿਜ਼ਾਈਨ ਅਸੈਸਮੈਂਟ (ਵੀਡਾ) ਵਿੱਚ ਜ਼ਰੂਰ ਹੀ ਕੁਸ਼ਲਤਾ ਦੇ ਦਰਜੇ ਉੱਤੇ ਹੋਣਾ ਚਾਹੀਦਾ ਹੈ. ਪ੍ਰੋਗਰਾਮ ਵਿੱਚੋਂ ਨਿਕਾਸ ਤੋਂ ਬਾਅਦ ਵੀ ਆਪ ਜੀ ਦੇ ਬੱਚੇ ਦੀ ਵਿਦਿਅਕ ਸਫ਼ਲਤਾ ਬਾਰੇ ਚਾਰ ਸਾਲਾਂ ਤੱਕ ਨਿਗਰਾਨੀ ਕੀਤੀ ਜਾਵੇਗੀ. ਅਗਰ ਆਪ ਜੀ ਦਾ ਬੱਚਾ ਅਕਾਦਮਿਕ ਤੌਰ ਤੇ ਸੰਗਰਸ਼ ਕਰ ਰਿਹਾ ਹੋਵੇਗਾ, ਅਧਿਆਪਕ ਸਾਡੀਆਂ ਸੇਵਾਵਾਂ ਲਈ ਆਖ ਸਕਦੇ ਹਨ. ਕਿਸੇ ਵੀ ਤਰ੍ਹਾਂ ਅਪਾਹਜ ਵਿਦਿਆਰਥੀ ਨੂੰ ਉਹਦੀ ਇੰਡੀਵੀਯੁਅਲਾਈਜ਼ ਐਜੁਕੇਸ਼ਨਲ ਪਲੈਨ ਦੇ ਮੁਤਾਬਿਕ ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ .

ਇਹ ਮੁਫ਼ਤ ਪ੍ਰੋਗਰਾਮ ਆਪ ਜੀ ਦੇ ਬੱਚੇ ਨੂੰ ਅੰਗਰੇਜ਼ੀ ਜਾਣਦੇ ਵਿਦਿਆਰਥੀਆਂ ਦੇ ਦਰਜੇ ਦੀ ਸੇਵਾ ਦਿੰਦਾ ਹੈ. ਐਮ ਆਈ ਐਸ ਡੀ ਦੇ ਦੋਭਾਸ਼ਾਈ ਸਿੱਖਿਅਕ ਜਾਂ ਈ ਐਲ ਸ੍ਰਟੀਫਿਕੇਟ ਵਾਲੇ ਅਧਿਆਪਕ ਆਪ ਜੀ ਦੇ ਬੱਚੇ ਦੇ ਸਕੂਲ ਵਿੱਚ ਸ਼ੈਲਟ੍ਰਡ ਇੰਸਟ੍ਰਕਸ਼ਨ ਅਬਜ਼ਰਵੇਸ਼ਨ ਪ੍ਰੋਟੋਕੋਲ ਮਾਡਲ ਵਰਤਦੇ ਹੋਏ, ਆਪ ਜੀ ਦੇ ਬੱਚੇ ਨਾਲ਼ ਨਿਯਮਤ ਦਿਨ ਤੇ ਲਗਭਗ ਰੋਜ਼ਾਨਾ ਇੱਕ ਘੰਟਾ, ਹਫ਼ਤੇ ਵਿੱਚ ਇੱਕ ਜਾਂ ਦੋ ਵਾਰ ਕੰਮ ਕਰਨਗੇ. ਇਹ ਟਿਯੁਟੋਰਿਅਲ ਸੈਸ਼ਨ ਅੰਗਰੇਜ਼ੀ ਪੜ੍ਹਨ, ਲਿਖ਼ਣ, ਬੋਲਣ ਅਤੇ ਸੁਨਣ ਉੱਤੇ ਕੇਂਦਰਿਤ ਹੋਣਗੇ.

ਇਹ ਪ੍ਰੋਗਰਾਮ ਆਪ ਜੀ ਦੇ ਬੱਚੇ ਨੂੰ ਅੰਗਰੇਜ਼ੀ ਸਿੱਖਣ ਦੌਰਾਨ ਵਿਦਿਅਕ ਯੋਗਤਾਵਾਂ ਦੀ ਜ਼ਰੂਰਤ ਅਤੇ ਪ੍ਰਾਂਤ ਦੇ ਸੱਤਰ ਨਾਲ਼ ਆਪ ਜੀ ਦੇ ਬੱਚੇ ਦੇ ਪਾਠਕ੍ਰਮ ਦੀ ਭਰਪੂਰਤਾ ਵਿੱਚ ਸਹਾਇਤਾ ਕਰਦੇ ਹੋਏ
ਮੇਚ ਖਾਏਗਾ ਤੇ ਸਕੂਲ ਵਿੱਚ ਜ਼ਿਆਦਾ ਸਫ਼ਲ ਹੋਣ ਦੇ ਯੋਗ ਬਣਾਏਗਾ. ਲੇਕਿਨ ਆਪ ਜੀ ਨੂੰ ਇਨ੍ਹਾਂ ਸੇਵਾਵਾਂ ਤੋਂ ਇਨਕਾਰ ਕਰਨ ਦਾ ਹੱਕ ਹੈ. ਬੇਸ਼ੱਕ ਆਪ ਜੀ ਦੇ ਦੋਭਾਸ਼ਾਈ ਸੇਵਾਵਾਂ ਤੋਂ ਇੰਨਕਾਰ ਕਰਨ ਤੇ ਵੀ, ਅਗਰ ਆਪ ਜੀ ਦੇ ਬੱਚੇ ਦੇ ਵੀਡਾਂ ਸਕ੍ਰੀਨਰ ਵਿੱਚ ਨਿਪੁੰਨ ਜਾਂ ਵਾਧੂ ਨਿਪੁੰਨ (ਪ੍ਰਫਿਸ਼ਿਐਂਟ ਜਾਂ ਅਡਵਾਂਸ ਪ੍ਰਫਿਸ਼ਿਐਂਟ) ਅੰਕ ਨਹੀਂ ਆਉਂਦੇ ਤਾਂ ਉਸ ਨੂੰ ਪ੍ਰਾਂਤ ਦਾ ਇਮਤਿਹਾਨ, ਵ੍ਰਲਡ-ਕਲਾਸ ਇੰਸਟ੍ਰਕਸ਼ਨਲ ਡਿਜ਼ਾਈਨ ਅਸੈਸਮੈਂਟ (ਵੀਡਾ 2.0) ਸ਼ਾਇਦ ਤਾਂਵੀ ਲੈਣਾ ਪਵੇ.

ਆਪ ਜੀ ਦੇ ਬੱਚੇ ਦੇ ਵੀਡਾ 2.0 ਸੰਯੁਕਤ ਅੰਕ _______________ ਹਨ.
ਜਾਂ
ਆਪ ਜੀ ਦੇ ਬੱਚੇ ਦੇ ਵੀਡਾ ਸਕ੍ਰੀਨਰ ਅੰਕ ____________ ਹਨ.

ਥਲੇ ਦਸਤਖ਼ਤ ਕਰਨ ਤੋਂ ਬਾਦ, ਕ੍ਰਿਪਾ ਕਰਕੇ ਇਹ ਫਾਰਮ ਆਪ ਜੀ ਦੇ ਦੋਭਾਸ਼ਾਈ ਸਿਖਿੱਅਕ ਨੂੰ ਵਾਪਿਸ ਭੇਜੋ ਇਹ ਦਸਦੇ ਹੋਏ ਕਿ ਆਪ ਜੀ ਨੂੰ ਦਸਿਆ ਗਿਆ ਕਿ …

- ਐਮ ਆਈ ਐਸ ਡੀ ਦੇ ਦੋ ਭਾਸ਼ਾਈ ਪ੍ਰੋਗਰਾਮ ਦੀਆਂ ਸੇਵਾਵਾਂ ਆਪ ਜੀ ਦੇ ਬੱਚੇ ਨੂੰ ਪੇਸ਼ ਤੇ ਪ੍ਰਦਾਨ ਕੀਤੀਆਂ ਗਈਆਂ ਅਤੇ
- ਸਮਝ ਲਿਆ ਹੈ ਕਿ ਆਪ ਜੀ ਨੂੰ ਹੱਕ ਹੈ ਕਿ ਕਿਸੇ ਸਮੇਂ ਵੀ ਨਾ-ਮੰਨਜ਼ੁਰੀ ਫਾਰਮ ਭਰਕੇ ਆਪ ਜੀ ਇੰਗਲਿਸ਼ ਲੈਂਗੁਏਜ ਡਿਵੈਲਪਮੈਂਟ ਦੀਆਂ ਸੇਵਾਵਾਂ ਤੋਂ ਇੰਨਕਾਰ ਕਰ ਸਕਦੇ ਹੋ.
- ਸਕੂਲ/ਜ਼ਿਲੇ ਤੋਂ ਵੀਡਾ ਦੀ ਰਿਪ੍ਰੋਟ ਮਿਲ ਗਈ ਹੈ. ਜੇ ਨਹੀਂ, ਤਾਂ ਸਕੂਲ ਨਾਲ਼ ਸਿੱਧਾ ਸੰਪਰਕ ਕਰੋ.
- ਸ਼ਿਕਾਇਤ ਦਰਜ ਕਰਨ ਲਈ ਕ੍ਰਿਪਾ ਕਰਕੇ ਸਕੂਲ ਦੇ ਪ੍ਰਿੰਸੀਪਲ ਨੂੰ ਜਾਂ ਐਮ ਆਈ ਐਸ ਡੀ ਨੂੰ 586-228-3481 ਤੇ ਸੰਪਰਕ ਕਰੋ.

ਆਪ ਜੀ ਦੀ ਵਿਸ਼ਵਾਸਪਾਤਰ,

ਸੁਮਕੀਥਨ ਪੋਲਿਸ਼
ਐਮ ਆਈ ਐਸ ਡੀ ਦੋਭਾਸ਼ਾਈ/ਟਾਈਟਲ III ਕਨਸਲਟੈਂਟ
ਕਨਸਲਟੈਂਟ ਸੇਵਾ ਵਿਭਾਗ
586-228-3481

ਮਾਂਬਾਪ/ਗਾਰਡੀਅਨ ਦੇ ਦਸਤਖ਼ਤ______________________________________ ਮਿਤਿ___________________